# ਅਸੀ ਕਿਸ ਤਰਾ ਪਰਮੇਸ਼ਵਰ ਦੀ ਸੇਵਾ ਕਰੀਏ।

ਬੱਚਿਆ ਨੂੰ ਸਿੱਖਿਆ ਦਿਉ ਕਿ ਉਹ ਇੱਕ ਦੂਜੇ ਦੀ ਸੇਵਾ ਕਰਨ।

ਸਿੱਖਣ ਲਈ ਦਿੱਤੀਆਂ ਗਈਆਂ ਗੱਲਾਂ ਵਿੱਚ ਕੋਈ ਵੀ ਕਰਨ ਲਈ ਚੁਣ ਲਉ।

ਵੱਡਾ ਬੱਚਾ ਜਾ ਕੋਈ ਮਾਸਟਰ ਪੜ੍ਹੇ, ਜਾਂ ਫਿਰ ਵਿਚਾਰ ਕਰੇ। ਮੱਤੀ 25:14-30, ਆਗਿਆਕਾਰੀ ਭੰਡਾਰੀ ਦੇ ਵਿਸ਼ੇ ਵਿੱਚ।

- ਇਹ ਕਹਾਣੀ ਦਰਸਾਉਂਦੀ ਹੈ ਕਿ ਪਰਮੇਸ਼ਵਰ ਨੇ ਸਾਨੂੰ ਸਭ ਨੂੰ ਇੱਕ ਕੰਮ ਦਿੱਤਾ ਹੈ ਕਿ ਅਸੀਂ ਉਸ ਲਈ ਕਰੀਏ।
- ਅਸੀਂ ਸਾਰੇ ਪਰਮੇਸ਼ਵਰ ਦੇ ਭੰਡਾਰੀ ਹਾਂ, ਸਾਨੂੰ ਉਹ ਸੇਵਾ ਉਸ ਹਰ ਚੀਜ਼ ਨਾਲ ਕਰਨੀ ਹੈ, ਜਿਹੜੀ ਉਹਨੇ ਸਾਨੂੰ ਦਿੱਤੀ ਹੈ।
- ''ਇਸ'' ਬਾਰੇ ਸਮਝਾਉ, ਕਿ ਯੋਗਤਾ ਇੱਕ ਸੋਨੇ ਦੇ ਸਿੱਕੇ ਵਾਂਗਰ ਸੀ।



ਕਹਾਣੀ ਦੇ ਨਾਲ ਸਬੰਧ ਰੱਖਦੇ ਹੋਏ ਪ੍ਰਸ਼ਨ ਪੁੱਛੋ (ਉੱਤਰ ਜੇਕਰ ਜਰੂਰਤ ਹੋਵੇ ਤਾਂ, ਉਹ ਹਰ ਇੱਕ ਪ੍ਰਸ਼ਨ ਦੇ ਬਾਦ ਵਿੱਚ ਦਿੱਤਾ ਗਿਆ ਹੈ।

- ਉਸ ਆਦਮੀ ਨੇ ਆਪਣੇ ਤਿੰਨਾ ਸੇਵਕਾ ਨੂੰ ਕਿੰਨੇ ਗੁਣ ਦਿੱਤੇ? (ਆਇਤ 15)
- ਹਰੇਕ ਦਾਸ ਨੇ ਉਸ ਪੈਸੇ ਦਾ ਕੀ ਕੀਤਾ? (ਆਇਤ 16-18 ਦੇਖੋ)
- ਤਦ ਮਾਲਿਕ ਨੇ ਆਪਣੇ ਦਾਸਾਂ ਨੂੰ, ਜਿੰਨ੍ਹਾਂ ਨੇ ਪੈਸਾ ਦਾ ਅਕਲ ਨਾਲ ਇਸਤਮਾਲ ਕੀਤਾ ਸੀ, ਕੀ ਕਿਹਾ (ਆਇਤ 21 ਦੇਖੋ)
- ਸੁਸਤ ਦਾਸ ਨੇ ਆਪਣੇ ਸੋਨੇ ਦੇ ਸਿੱਕੇ ਨਾਲ ਕੀ ਕੀਤਾ? (ਆਇਤ 25 ਵਿੱਚ ਦੇਖੋ)
- ਇਸ ਦਾਸ ਦਾ ਕੀ ਹੋਇਆ? (ਆਇਤ 30 ਦੇਖੋ)

ਵਿਸ਼ਵਾਸ ਯੋਗ ਭੰਡਾਰੀ ਦੀ ਕਹਾਣੀ ਦੇ ਕੁਝ ਹਿੱਸੇ ਲੈ ਕੇ ਨਾਟਕ ਪੇਸ਼ ਕਰੋ।

- ਮੁੱਖ ਕਲੀਸੀਆ ਦੇ ਆਗੂ ਨਾਲ ਮਿਲ ਕੇ, ਅਰਾਧਨਾ ਦੇ ਸਮੇਂ, ਇਸ ਨਾਟਕ ਨੂੰ ਪੇਸ਼ ਕਰਨ ਦਾ ਇੰਤਜਾਮ ਕਰੋ।
- ਆਪਣੇ ਸਮੇਂ ਨੂੰ ਬੱਚਿਆਂ ਦੇ ਨਾਲ, ਨਾਟਕ ਤਿਆਰ ਕਰਾਉਣ ਲਈ ਲਗਾਉ।
- ਤੁਹਾਨੂੰ ਸਾਰੀ ਕਹਾਣੀ ਦੇ ਹਿੱਸਿਆਂ ਦੀ, ਜਿਹੜੇ ਦਿੱਤੇ ਗਏ ਹਨ ਉਨ੍ਹਾਂ ਸਾਰਿਆਂ ਨੂੰ ਇਸਤੇਮਾਲ ਕਰਨ ਦੀ ਜਰੂਰਤ ਨਹੀ।
- ਵੱਡੇ ਬੱਚੇ ਜਾ ਨੌਜਵਾਨ, ਇਹ ਪਾਤਰ ਬਣ ਸਕਦੇ ਹਨ।
- ਬੱਚੇ ਆਪਣੇ ਕੋਲ 15 ਵੱਡੇ ਸਿੱਕੇ ਤਿਆਰ ਕਰਨ। ਉਹ ਉਨਾ ਨੂੰ ਗੱਤੇ (ਕਾਗਜ) ਵਿੱਚ ਵੀ ਕੱਟ ਕੇ ਬਣਾ ਸਕਦੇ ਹਨ।

ਵਾਚਕ ਕਹਾਣੀ ਨੂੰ ਛੋਟਾ ਕਰਨ, ਬੱਚਿਆ ਨੂੰ ਯਾਦ ਕਰਵਾਉਣ ਕਿ ਨਾਟਕ ਵਿੱਚ ਕੀ ਕਰਨਾ ਅਤੇ ਕੀ ਕਹਿਣਾ ਹੈ, ਇਸ ਕੰਮ ਵਿੱਚ ਸਹਾਇਤਾ ਕਰੇ।

ਘਰ ਦਾ ਮਾਲਕ: ਇਕ ਸਫਰੀ ਥੈਲਾ ਚੁੱਕਦਾ ਹੈ ਅਤੇ ਅੱਠ ਸਿੱਕੇ ਪਕੜਦਾ ਹੈ।

ਜਵਾਨ ਬੱਚੇ ਇਹ ਪਾਤਰ ਬਣ ਸਕਦੇ ਹਨ।

ਵਿਸ਼ਵਾਸ ਯੋਗ ਦਾਸ (ਨੌਕਰ) 1 ਅਤੇ 2

ਆਲਸੀ ਦਾਸ: ਜਿਹਦੇ ਕੋਲ ਇੱਕ ਪੱਥਰ ਹੈ।

ਵਪਾਰੀ: ਉਸਦਾ ਵਿਪਾਰ ਦਿਖਾਉਣ ਲਈ ਇਹ ਚੀਜਾਂ ਲਿਆਉ। (ਔਜਾਰ, ਸਦੂੰਕ ਜਾ ਕਾਗਜ ਅਤੇ ਉਨਾ ਦੇ ਲਈ 8 ਸਿੱਕੇ)

## ਵਿਸ਼ਵਾਸ-ਯੋਗ ਭੰਡਾਰੀ-ਨੀਤੀ ਕਥਾ ਉਤੇ ਆਧਾਰਤ ਹੈ।

**ਵਾਚਕ:** ਕਹਾਣੀ ਦੇ ਪਹਿਲੇ ਹਿੱਸੇ ਵਿੱਚ ਕਹੋ। ਮੱਤੀ 25:14-18 ਅਤੇ ਫਿਰ ਕਹੋ, ''ਸੁਣੋ ਘਰ ਦਾ ਮਾਲਿਕ ਕੀ ਕਹਿੰਦਾ ਹੈ।''

**ਘਰ ਦਾ ਮਾਲਿਕ:** ਆਪਣੇ ਥੈਲੇ ਨੂੰ ਆਪਣੇ ਮੋਢਿਆ ਤੇ ਰੱਖਦੇ ਹੋਏ ਕਹੇ, ''ਦਾਸੋ'' ਮੈ ਇੱਕ ਲੰਬੀ ਯਾਤਰਾ ਤੇ ਜਾ ਰਿਹਾ ਹਾਂ। ਆਉ ਮੈ ਤੁਹਾਨੂੰ ਹਰੇਕ ਨੂੰ ਕੁਝ ਪੈਸੇ ਦੇਵਾਗਾ, ਤੁਹਾਡੇ ਵਪਾਰ ਵਿੱਚ ਲਾਉਣ ਵਾਸਤੇ, ਜਦੋ ਚਲਾ ਜਾਵਾਂ ਤਾਂ ਉਸ ਸ਼ਮੇ ਤੁਸੀ ਇਨ੍ਹਾਂ ਦਾ ਇਸਤੇਮਾਲ ਕਰਨਾ। 5 ਸਿੱਕੇ ਗਿਣਕੇ ਦਾਸ ਨੂੰ ਦੇ ਦਿਉ। (ਪਹਿਲੇ ਨੰਬਰ ਵਾਲੇ)

2 ਸਿੱਕੇ ਗਿਣਕੇ (ਦੂਸਰੇ ਦਾਸ ਦਿਉ)

1 ਸਿੱਕਾ (ਦਾਸ ਨੰ:1 ਨੂੰ ਦੇ ਦਿਉ ਜਿਹੜਾ ਆਲਸੀ ਨੌਕਰ ਹੈ।

**ਵਿਸ਼ਵਾਸ ਯੋਗ ਦਾਸ 1 ਅਤੇ 2** ਜਾਓ ਅਤੇ ਕੁਝ ਖਰੀਦਣ ਦਾ ਬਹਾਨਾ ਕਰੋ, ਜੋ ਵੀ ਉਨ੍ਹਾਂ ਦੇ ਪਾਸ ਹੈ (ਹਥਿਆਰ, ਇਕ ਬਕਸਾ ਜਾ ਜਮੀਨ ਆਦਿ) ਆਪਣੇ ਸਿੱਕੇ ਉਹਨਾ ਨੂੰ ਦਿਓ।

**ਨਿਠੱਲਾ ਦਾਸ** (ਆਲਸੀ) ਆਪਣੇ ਆਲੇ ਦੁਆਲੇ ਦੇਖਦਾ ਹੋਵੇ, ਇੰਜ ਵਿਖਾਵੇ ਕਿ ਉਹਨੂੰ ਕੋਈ ਦੇਖ ਨਹੀ ਰਿਹਾ, ਤਾਂ ਆਪਣੇ ਸਿੱਕੇ ਨੂੰ ਚਟਾਨ ਦੇ ਹੇਠਾ ਰੱਖ ਕੇ ਆਖੇ, ਮੈ ਆਪਣੇ ਸਿੱਕੇ ਨੂੰ ਇੱਥੇ ਲੁੱਕਾ ਦਿੰਦਾ ਹਾਂ, ਇਹ ਇਥੇ ਸੁੱਰਖਿਅਕ ਰਹੇਗਾ।

**ਵਾਚਕ:** ਕਹਾਣੀ ਦਾ ਦੂਸਰਾ ਹਿੱਸਾ ਦੱਸੋ। ਮੱਤੀ 25:19-23 ਵਿੱਚ ਤਕ ਆਖੇ ''ਸੁਣੋ ਘਰ ਦਾ ਮਾਲਿਕ ਕੀ ਕਹਿੰਦਾ ਹੈ।''

**ਘਰ ਦਾ ਮਾਲਿਕ:-** ਮੈ ਆਪਣੀ ਯਾਤਰਾ ਤੋਂ ਵਾਪਿਸ ਆ ਗਿਆ ਹਾਂ, ਸੋ ਹੇ ਮੇਰੇ ਦਾਸੋ, ਆਉ ਅਤੇ ਮੈਨੂੰ ਦਿਖਾਉ ਕਿ ਤੁਸੀ ਉਨਾ ਸੋਨੇ ਦੇ ਸਿੱਕਿਆਂ ਦਾ ਕੀ ਕੀਤਾ ਹੈ, ਜਿਹੜਾ ਮੈਂ ਤੁਹਾਨੂੰ ਜਾਣ ਤੋ ਪਹਿਲਾ ਦਿੱਤੇ ਸਨ। ਉਨ੍ਹਾਂ ਨਾਲ ਤੁਸੀ ਕੀ ਕਮਾਈ ਕੀਤੀ।

**ਵਿਸ਼ਵਾਸ ਯੋਗ ਦਾਸ 1 ਅਤੇ 2,** ਫੇਰ ਜਾਉ ਅਤੇ ਵਪਾਰੀ ਦੇ ਕੋਲ ਜਾ ਕੇ ਜੋ ਕੁਝ ਤੁਹਾਡੇ ਕੋਲ ਹੈ, ਵੇਚ ਆਉ।

**ਵਪਾਰੀ:-** ਜਿਹੜਾ ਕੁਝ ਦਾਸਾ ਨੇ ਵੇਚਿਆ ਹੈ ਉਹਨਾਂ ਕੋਲੋਂ ਲੈ ਲਵੋ। ਉੱਚੀ ਸਾਰੀ ਕਹਿੰਦਾ ਹੈ। ਤੁਸੀਂ ਬਹੁਤ ਹੀ ਕੰਮ ਵਿੱਚ ਰੁਝੇ ਹੋਏ ਹੋ'', (ਅਤੇ ਉਨਾ ਦੇ ਸਿੱਕੇ ਉਨਾ ਨੂੰ ਵਾਪਸ ਕਰਦੇ ਹੋਏ ਅਤੇ ਹੋਰ ਵੀ ਸਿੱਕੇ ਦਿੰਦੇ ਹੋਏ)।

**ਵਿਸ਼ਵਾਸ ਯੋਗ ਦਾਸ 1-** ਮਾਲਿਕ ਦੇ ਕੋਲ ਵਾਪਿਸ ਆ ਕੇ ਕਹਿੰਦਾ ਹੈ, ''ਮੈ ਕੁਝ ਚੀਜਾਂ ਖਰੀਦੀਆਂ ਸਨ (ਜੋ ਕੁਝ ਤੁਸੀ ਖਰੀਦਿਆ ਅਤੇ ਵੇਚਿਆ ਸੀ) ਮੈ ਤੁਹਾਡੇ ਧੰਨ ਨੂੰ ਦੁਗਣਾ ਕਰ ਦਿੱਤਾ ਹੈ। ਤੁਸੀ ਮੈਨੂੰ ਪੰਜ ਸਿੱਕੇ ਦਿੱਤੇ ਸਨ, ਇਥੇ ਦੱਸ ਹਨ।'' ਉਹਨੂੰ ਦਸੋ ਕਿ ਤੁਸੀ ਕੀ ਖਰਦਿਆ ਅਤੇ ਵੇਚਿਆ।

**ਵਿਸਵਾਸ ਯੋਗ ਦਾਸ 2:** ਮਾਲਿਕ ਨੂੰ ਚਾਰ ਸਿੱਕੇ ਵਾਪਿਸ ਕਰਦਾ ਹੋਇਆ ਆਖਦਾ ਹੈ, ਮੈ ਇੰਨਾ ਨੂੰ ਦੁਗਣਾ ਕਰ ਦਿੱਤਾ ਹੈ। ਉਹ ਵੀ ਦੱਸੋ ਕਿ ਉਨ੍ਹਾਂ ਨੇ ਕੀ ਖਰੀਦੀਆ ਤੇ ਕੀ ਵੇਚਿਆ?

**ਮਾਲਿਕ** ''ਬੜਾ ਚੰਗਾ ਕੀਤਾ'' ਆਉ ਮੇਰੇ ਨਾਲ ਰਹੋ, ਮੇਰੇ ਵਿਸ਼ਵਾਸ ਯੋਗ ਦਾਸੋ 1 ਹੋਰ ਤੇਰੇ ਸਾਥੀ ਕਿੱਥੇ ਹਨ?

**ਵਾਚਕ** ਕਹਾਣੀ ਦੇ ਤੀਸਰੇ ਹਿੱਸੇ (ਮੱਤੀ 25:24-30) ਵਿੱਚ ਪੜੋ, ਅਤੇ ਕਹੋ, ਸੁਣੋ ਕਿ ਨਿਠੱਲਾ (ਆਲਸੀ) ਦਾਸ ਕੀ ਕਹਿੰਦਾ ਹੈ।

**ਨਿਠੱਲਾ ਦਾਸ** (ਆਲਸੀ) ਇੱਕ ਸਿੱਕਾ ਚਟਾਨ ਦੇ ਹੇਠੋਂ ਕੱਢ ਕੇ ਮਾਲਿਕ ਨੂੰ ਦਿੰਦਾ ਹੈ ''ਮੈ ਇਹ ਗਵਾਉਣਾ ਨਹੀ ਚਾਹੁੰਦਾ ਸੀ, ਇਸ ਕਰਕੇ ਮੈ ਇਹਨੂੰ ਇਸ ਚਟਾਨ ਦੇ ਹੇਠਾ ਲੁੱਕਾ ਦਿੱਤਾ।''

**ਮਾਲਿਕ:-** ''ਹੇ ਨਿਠੱਲੇ ਦਾਸ। ਤੂੰ ਇਸ ਸਿੱਕੇ ਨਾਲ ਕੁਝ ਵੀ ਨਹੀ ਕਮਾਇਆ ਹੈ, ਜਿਹੜਾ ਮੈ ਤੈਨੂੰ ਦਿੱਤਾ ਸੀ। ਸਦਾ ਲਈ ਮੇਰੇ ਘਰ ਵਿੱਚੋ ਨਿਕਲ ਜਾ''

**ਵਾਚਕ ਜਾ ਵੱਡਾ ਬੱਚਾ।** ਸੁਣਨ ਵਾਲਿਆ ਨੂੰ ਕਹੇ, ਇਹ ਨਾਟਕ ਹੁਣ ਖਤਮ ਹੋ ਗਿਆ ਹੈ। ਅਤੇ ਜਿੰਨ੍ਹਾਂ ਨੇ ਇਸਨੂੰ ਕਰਨ ਵਿੱਚ ਸਾਡੀ ਸਹਾਇਤਾ ਕੀਤੀ ਹੈ ਉਨਾ ਦਾ ਧੰਨਵਾਦ।

**ਪ੍ਰਸ਼ਨ ਪੁੱਛੋ:** ਜੇਕਰ ਬੱਚੇ, ਇਹ ਬਾਲਗਾਂ ਲਈ ਹੀ ਕਰਦੇ ਨੇ, ਤਾ ਤੁਸੀ ਇਹ ਪ੍ਰਸ਼ਨ ਬਾਲਗਾਂ ਕੋਲੋ ਵੀ ਪੁੱਛੋ, ਜਿਹੜੇ ਉਪਰ ਦਿੱਤੇ ਗਏ ਹਨ।

''ਆਪੋ ਵਿੱਚ ਗੱਲਾ ਬਾਤਾ ਕਰੋ'' ਉਦਾਹਰਣ ਦੇਕੇ ਦੱਸੋ ਕਿ ਹੋਰ ਕਿਹੜੇ ਵਰਦਾਨ ਅਤੇ ਅਸੀਸਾਂ ਹਨ, ਜਿਹੜੀਆ ਸਾਨੂੰ ਪਰਮੇਸ਼ਵਰ ਨੇ ਦਿੱਤੀਆ, ਕਿ ਉਹ ਉਹਦੀ ਸੇਵਾ ਲਈ ਪ੍ਰਯੋਗ ਕਰੀਏ?'' (ਵੱਡੇ ਅਤੇ ਬੱਚੇ ਉਦਾਹਰਣ ਦੇਣ)

ਇਕ ਪੇਜ਼ ਬਣਾਓ ਵੱਡੇ ਸੋਨੇ ਦੇ ਸਿੱਕਿਆ ਦੀ ਤਸਵੀਰ, ਅਤੇ ਬੱਚੇ ਉਹ ਤਸਵੀਰ ਦੀ ਨਕਲ ਕਰਨ।

- ਵੱਡੇ ਬੱਚੇ ਨੌਜਵਾਨਾ ਦੀ ਸਹਾਇਤਾ ਕਰਨ।
- ਅਰਾਧਨਾ ਕਰਦੇ ਸਮੇ ਜਾ ਘਰ ਵਿੱਚ ਮਾਂ ਪਿਉ ਨੂੰ ਇਹ ਤਸਵੀਰਾਂ ਦਿਖਾਉ।
- ਫਿਰ ਉਨ੍ਹਾਂ ਨੂੰ ਸਮਝਾਉ ਕਿ ਇਹ ਸਿੱਕੇ ਕਿਸਦੇ ਬਾਰੇ ਵਿੱਚ ਦਰਸਾਉਦੇ ਹਨ। ਕਿਸ ਤਰ੍ਹਾਂ ਸਾਨੂੰ ਪਰਮੇਸ਼ਵਰ ਨੇ ਵਰਦਾਨ ਅਤੇ ਅਸ਼ੀਸਾ ਦਿੱਤੀਆ ਹਨ। ਕਿ ਅਸੀ ਉਨ੍ਹਾਂ ਦਾ ਉਪਯੋਗ, ਪਰਮੇਸ਼ਵਰ ਲਈ ਕਰੀਏ, ਸਿਰਫ ਇਹ ਨਹੀ, ਅਸੀ ਉਨ੍ਹਾਂ ਨੂੰ ਆਪਣੇ ਲਈ ਵੀ ਇੱਕਠਾ ਕਰ ਰੱਖੀਏ।



ਯਾਦ ਕਰੋ: ਮੱਤੀ 6:24

ਕਵਿਤਾ, ਤਿੰਨ ਬੱਚੇ ਆਉਣ ਅਤੇ ਹਰੇਕ ਬੱਚਾ ਜਬੂਰਾਂ ਦੀ ਪੋਥੀ 65: 4, 5 ਅਤੇ 9 ਆਇਤਾਂ ਬਾਰੇ ਦੱਸਣ।

ਦੂਜੇ ਬੱਚੇ ਜਿਹੜੇ ਵੱਡੇ ਹਨ, ਉਹ ਕਵਿਤਾ, ਗੀਤ ਜਾ ਨਾਟਕ ਜਿਹਦੇ ਵਿੱਚ ਪਰਮੇਸ਼ਵਰ ਦੇ ਵਰਦਾਨਾਂ ਦਾ ਜਿਕਰ ਹੈ ਜਾ ਦੂਜਿਆਂ ਲਈ ਇਸਤਮਾਲ ਕਰਦੇ ਹਾਂ, ਉਹਦੇ ਵਿਸ਼ੇ ਵਿੱਚ ਲਿਖਣ।

**ਪ੍ਰਾਥਨਾ:** ''ਪਿਆਰੇ ਪਰਮੇਸ਼ਵਰ, ਤੁਸੀ ਬਹੁਤ ਹੀ ਵੱਡੇ ਦਾਨੀ ਹੋ। ਤੁਸੀ ਸਾਨੂੰ ਬਹੁਤ ਸਾਰੇ ਵਰਦਾਨ ਅਤੇ ਅਸੀਸਾਂ ਦਿੱਤੀਆਂ ਹਨ, ਸਾਡੀ ਸਹਾਇਤਾ ਕਰੋ ਕਿ ਅਸੀਂ ਇਨਾ ਵਰਦਾਨਾ ਦਾ ਉਪਯੋਗ ਤੁਹਾਡੇ ਲਈ ਕਰੀਏ, ਸਾਡੀ ਮੱਦਦ ਕਰੋ, ਅਸੀ ਨਾਮ ਦੇ ਨਾਲ , ਵਿਸ਼ਵਾਸ ਯੋਗ ਸੇਵਾ ਕਰੀਏ। ਸਾਨੂੰ ਮਾਫ ਕਰੋ, ਜੇਕਰ ਅਸੀਂ ਤੁਹਾਡਾ ਵਰਦਾਨ ਤੁਹਾਡੇ ਲਈ ਅਜੇ ਤੱਕ ਉਪਯੋਗ ਨਹੀ ਕਰ ਸਕੇ।''

Copyright 2004 © by Paul-Timothy. May be freely copied. Download from www.Paul-Timothy.net